# ਤੂੰ ਜਾਣੇ ਮਹਾਂਰਾਣੀ ਤੇਰੀਆਂ ਤੂੰ ਜਾਣੇ

ਤੂੰ ਜਾਣੇ ॥ ਮਹਾਂਰਾਣੀ, ਤੇਰੀਆਂ ਤੂੰ ਜਾਣੇ ॥
ਤੂੰ ਜਾਣੇ ਮਹਾਂਰਾਣੀ, ਤੇਰੀਆਂ ਤੂੰ ਜਾਣੇ ॥
ਤੂੰ ਜਾਣੇ ॥ ਮਹਾਂਰਾਣੀ...

ਤੇਰੀਆਂ ਕੀਤੀਆਂ ਕੌਣ ਉਥੱਲੇ
ਮੌਜਾਂ ਲੈਂਦੇ ਝੱਲ ਬੱਲਲ੍ਹੇ ॥
ਭੁੱਖੇ ਮਰਨ ਸਿਆਣੇ, ਤੇਰੀਆਂ ਤੂੰ ਜਾਣੇ ॥
ਤੂੰ ਜਾਣੇ ॥ ਮਹਾਂਰਾਣੀ...

ਇੱਕਨਾ ਨੂੰ ਦੇ ਖੁੱਲੇ ਭੰਡਾਰੇ
ਇੱਕ ਪਏ ਭੁੱਖੇ ਫਿਰਨ ਬੇਚਾਰੇ ॥
ਖਾਣ ਨੂੰ ਮਿਲਣ ਨਾ ਦਾਣੇ, ਤੇਰੀਆਂ ਤੂੰ ਜਾਣੇ ॥
ਤੂੰ ਜਾਣੇ ॥ ਮਹਾਂਰਾਣੀ...

ਬ੍ਰਹਮਾ ਪਾਰ ਵੀ ਪਾ ਨਾ ਸਕਿਆ
ਨਾਰਦ ਮਹਿਮਾ ਗਾ ਨਾ ਸਕਿਆ ॥
ਮੰਨਣ ਤੇਰੇ ਭਾਣੇ, ਤੇਰੀਆਂ ਤੂੰ ਜਾਣੇ ॥
ਤੂੰ ਜਾਣੇ ॥ ਮਹਾਂਰਾਣੀ...

ਮਾਇਆ ਤੇਰੀ ਹੇ ਮਹਾਂਮਾਈ
ਧਰਤੀ ਪਾਣੀ ਉੱਤੇ ਤਰਾਈ ॥
ਹੋਣ ਹੈਰਾਨ ਸਿਆਣੇ, ਤੇਰੀਆਂ ਤੂੰ ਜਾਣੇ ॥
ਤੂੰ ਜਾਣੇ ॥ ਮਹਾਂਰਾਣੀ...

ਨਾਮ ਤੇਰਾ ਮਾਂ ਸ਼ਕਤੀ ਦੇਵੇ
ਮੁਕਤੀ ਦੇਵੇ ਭਕਤੀ ਦੇਵੇ ॥,
ਜਿਸਨੂੰ ਬਖਸ਼ੇ ਬਾਣੇ, ਤੇਰੀਆਂ ਤੂੰ ਜਾਣੇ ॥
ਤੂੰ ਜਾਣੇ ॥ ਮਹਾਂਰਾਣੀ...

ਵਿੱਚ ਗੁਫਾ ਦੇ ਵਾਸ ਹੈ ਤੇਰਾ
ਖਾਲੀ ਕਿਓਂ ਮਨ ਮੰਦਿਰ ਮੇਰਾ ॥
ਆ ਜਾ ਕਿਸੇ ਬਹਾਨੇ, ਤੇਰੀਆਂ ਤੂੰ ਜਾਣੇ ॥
ਤੂੰ ਜਾਣੇ ॥ ਮਹਾਂਰਾਣੀ...
78
ਅਪਲੋਡ ਕਰਤਾ- ਅਨਿਲ ਰਾਮੂਰਤੀ ਭੋਪਾਲ ਬਾਘੀਓ ਵਾਲੇ

https://www.bhajanganga.com/bhajan/lyrics/id/7392/title/tu-jane-maharani-teriya-tu-jane

अपने Android मोबाइल पर BhajanGanga App डाउनलोड करें और भजनों का आनंद ले |